VOLUME I ISSUE 5
MAY 2017

GKU TIMES

## ` ਗੁਰੂ ਕਾਸ਼ੀ ਯੂਨੀਵਰਸਿਟੀ ਵਿਖੇ ਵਿਸ਼ਵ ਪਸ਼ੂ ਧਨ ਦਿਵਸ ਮਨਾਇਆ




01 **ਮਈ** ਗੁਰੂ ਕਾਸ਼ੀ ਯੂਨੀਵਰਸਿਟੀ, ਤਲਵੰਡੀ ਸਾਬੋ ਦੇ ਖੇਤੀਬਾੜੀ ਕਾਲਜ ਦੇ ਡੀਨ ਡਾ. ਅਜਮੇਰ ਸਿੰਘ ਵੱਲੋਂ ਇਕ ਮਾਹਰ ਭਾਸ਼ਨ ਕਰਕੇ ਵਿਸ਼ਵ ਪਸ਼ੂ ਧਨ ਦਿਵਸ ਮਨਾਇਆ ਗਿਆ। ਡਾ. ਅਜਮੇਰ ਸਿੰਘ ਨੇ ਸਭ ਦਾ ਸਵਾਗਤ ਕੀਤਾ ਗਿਆ ਅਤੇ ਪ੍ਰੋਗਰਾਮ ਦੀ ਸੰਚਾਲਕਤਾ ਅਤੇ ਸ਼ੇਸ਼ਨ ਗਤੀਵਿਧੀਆਂ ਡਾ. ਦਰਸ਼ਨ ਸਿੰਘ ਸਿੱਧੂ ਵਲੋਂ ਨਿਭਾਈਆਂ ਗਈਆਂ। ਇਸ ਮਾਹਰ ਭਾਸ਼ਨ ਦਾ ਵਿਸ਼ਾ ਪਸ਼ੂਆਂ ਦੀਆਂ ਬਿਮਾਰੀਆਂ, ਉਹਨਾਂ ਦੀ ਦੇਖਭਾਲ ਅਤੇ ਬਚਾਅ ਦੇ ਤਰੀਕੇ ਸੀ।ਪਿੰਡ ਬਾਦਲ ਪੋਲੀਕਲੀਨਿਕ ਦੇ ਇੰਚਾਰਜ ਡਾ. ਦਵਿੰਦਰ ਸਿੰਘ ਸਿੱਧੂ ਨੇ ਇਸ ਮੌਕੇ ਮੁੱਖ ਵਕਤੇ ਦੀ ਭੂਮਿਕਾ ਨਿਭਾਉਂਦੇ ਹੋਇਆ ਪਸ਼ੂਆਂ ਦੀਆਂ ਭਿਆਨਕ ਬਿਮਾਰੀਆਂ ਜਿਵੇਂ ਹਲਕਾਅ, ਟੀਵੀ, ਵਰਲਡਫਿਊ, ਬਰੂਸੈਲੋਸਿਸ ਬਾਰੇ ਸਰੋਤਿਆਂ ਨਾਲ ਵਿਚਾਰ ਸਾਂਝੇ ਕੀਤੇ।ਉਹਨਾਂ ਇਸ ਮੌਕੇ ਇਨਾਂ ਭਿਆਨਕ ਬਿਮਾਰੀਆਂ ਦੇ ਬਚਾਅ ਅਤੇ ਪਸ਼ੂ ਧਨ ਦੀ ਸਹੀ ਸੇਹਤ ਸੰਭਾਲ ਸਬੰਧੀ ਨੁਸਖੇ ਸਭ ਨਾਲ ਸਾਂਝੇ ਕੀਤੇ।ਇਸ ਤੋਂ ਛੁੱਟ ਖੋਜ਼ ਖੇਤਰ ਦੇ ਲੋੜੀਂਦੇ ਵਿਸ਼ੇ ਵੀ ਡਾ. ਸਿੱਧੂ ਹੋਰਾਂ ਨੇ ਸਟਾਫ ਅਤੇ ਵਿਦਿਆਰਥੀਆਂ ਦੇ ਸਨਮੁੱਖ ਕੀਤੇ।ਪਰੋ ਵਾਈਸ ਚਾਂਸਲਰ ਡਾ. ਜਗਪਾਲ ਸਿੰਘ ਨੇ ਵਿਚਾਰ ਸਾਂਝੇ ਕਰਦਿਆਂ ਬੁਲਾਰਿਆਂ ਵਲੋਂ ਭਵਿੱਖ ਵਿਚ ਵੀ ਨਿੱਘਰ ਭਾਈਚਾਰਕ ਸਾਂਝ ਦੀ ਉਮੀਦ ਕੀਤੀ।ਇਸ ਮੌਕੇ ਹੋਰਨਾਂ ਤੋਂ ਇਲਾਵਾ ਖੇਤੀਬਾੜੀ ਕਾਲਜ ਦੇ ਸਟਾਫ ਅਤੇ ਵਿਦਿਆਰਥੀ ਵੀ ਮੌਜੂਦ ਸਨ।

ਗੁਰੂ ਕਾਸ਼ੀ ਯੂਨੀਵਰਸਿਟੀ ਦੇ ਉਪਕੁਲਪਤੀ ਕਰਨਲ ਡਾ. ਭੁਪਿੰਦਰ ਸਿੰਘ ਧਾਲੀਵਾਲ ਨੇ ਜਿਥੇ ਖੇਤੀਬਾੜੀ ਕਾਲਜ ਦੇ ਡੀਨ ਡਾ. ਅਜਮੇਰ ਸਿੰਘ ਸਿੱਧੂ ਅਤੇ ਉਹਨਾਂ ਦੀ ਸਮੁੱਚੀ ਟੀਮ ਦੀ ਭਾਸ਼ਨ ਆਯੋਜਨ ਸਬੰਧੀ ਸ਼ਲਾਘਾ ਕੀਤੀ ਉਥੇ ਉਹਨਾਂ ਮਾਹਰ ਬੁਲਾਰੇ ਡਾ. ਦਵਿੰਦਰ ਸਿੰਘ ਸਿੱਧੂ ਦਾ ਇਸ ਭਾਸ਼ਨ ਸਬੰਧੀ ਧੰਨਵਾਦ ਕੀਤਾ।

**Editorial Team:**
**Editor-in-Chief: Dr. Jagtar Singh Dhiman, Registrar, Guru Kashi University**
**Editor: Dr Amandeep, Assistant Professor, Guru Kashi University**